ੴ ਸਤਿਗੁਰ ਪ੍ਰਸਾਦਿ ॥

# ਜੈਨ ਮੱਤ ਅਤੇ ਗੁਰਮਤਿ

## ਤੁਲਨਾਤਮਿਕ ਧਰਮ ਅਧਿਐਨ

## ਮੂਲ ਰੂਪ ਵਿੱਚ

ਸਿੱਖ ਮਿਸ਼ਨਰੀ ਕਾਲਜ (ਰਜ਼ਿ :)

ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਜੈਨ ਮੱਤ ਅਤੇ ਗੁਰਮਤਿ

ਜੈਨ ਮੱਤ ਦਾ ਜਨਮ ਅਤੇ ਵਿਕਾਸ : ਜੈਨ ਮੱਤ ਭਾਰਤ ਦੇ ਪੁਰਾਣੇ ਮੱਤਾਂ 'ਚੋਂ ਮੰਨਿਆ ਜਾਂਦਾ ਹੈ। ਇਸਦੇ ਕਈ ਤੱਤ, ਰਿਗ ਵੇਦ ਦੇ ਮੱਤ ਤੋਂ ਵੀ ਪੁਰਾਣੇ ਹਨ। ਇਹ ਮੂਲ ਰੂਪ ਵਿਚ ਉਦਾਸੀਆਂ, ਸਾਧੂਆਂ ਦਾ ਮੱਤ ਹੈ। ਇਸ ਦੇ ਤੱਤ ਹੜੱਪਾ ਕਾਲ ਦੀ ਸਭਿਅਤਾ ਵਿਚ ਵੀ ਪਾਏ ਜਾਂਦੇ ਹਨ। ਇਹ ਆਪਣੇ ਅਸਲੇ ਵਜੋਂ ਗੈਰ-ਵੈਦਿਕ ਅਤੇ ਗੈਰ-ਆਰੀਆ ਧਰਮ ਹੈ।

ਆਮ ਤੌਰ ਤੇ ਇਹ ਪ੍ਰਸਿੱਧ ਹੈ ਕਿ ਇਸ ਮੱਤ ਦਾ ਮੋਢੀ ਵਰਧਮਾਨ ਮਹਾਂਵੀਰ ਸੀ, ਪਰੰਤੂ ਜੈਨੀ ਖ਼ੁਦ ਅਜਿਹਾ ਨਹੀਂ ਮੰਨਦੇ। ਉਨ੍ਹਾਂ ਅਨੁਸਾਰ ਇਸ ਮੱਤ ਦੀ ਨੀਂਹ ਰਿਸ਼ਭ ਨਾਥ ਨੇ ਰੱਖੀ ਸੀ ਅਤੇ ਉਸਦੇ ਮਗਰੋਂ 23 ਤੀਰਥੰਕਰਾਂ ਨੇ ਇਸ ਨੂੰ ਪਰਚਾਰਿਆ ਹੈ। ਸਭ ਤੋਂ ਆਖਰੀ, 24ਵਾਂ ਤੀਰਥੰਕਰ ਮਹਾਂਵੀਰ ਹੈ, ਜਿਸਨੇ ਪਹਿਲੋਂ ਦੇ ਤੀਰਥੰਕਰਾਂ ਦੇ ਵਿਚਾਰਾਂ ਵਿਚ ਸੋਧ ਕੀਤੀ ਹੈ। ਪ੍ਰੰਤੂ ਵਿਦਵਾਨਾਂ ਦਾ ਖਿਆਲ ਹੈ ਕਿ ਰਿਸ਼ਭ ਨਾਥ ਅਤੇ ਉਸਦੇ ਮਗਰਲੇ 21 ਤੀਰਥੰਕਰ ਇਤਿਹਾਸਕ ਵਿਅਕਤੀ ਨਹੀਂ ਹਨ, ਕੇਵਲ ਵਰਧਮਾਨ ਮਹਾਂਵੀਰ ਅਤੇ ਉਸਤੋਂ ਪਹਿਲਾਂ ਦਾ ਤੀਰਥੰਕਰ ਪਾਰਸ਼ਵਨਾਥ ਹੀ ਇਤਿਹਾਸਕ ਵਿਅਕਤੀ ਹਨ।

ਸ੍ਰੀ ਪਾਰਸ਼ਵਨਾਥ ਵਾਰਾਨਸੀ ਦੇ ਰਾਜੇ ਅਸ਼ਵਸੇਨ ਦੇ ਘਰ ਪੈਦਾ ਹੋਏ ਸਨ। ਉਹਨਾਂ ਦਾ ਪਾਲਣ ਪੋਸ਼ਣ ਬੜੇ ਠਾਠ ਬਾਠ ਨਾਲ ਹੋਇਆ। 3● ਸਾਲ ਦੀ ਉਮਰ ਵਿਚ ਉਹਨਾਂ ਨੇ ਘਰ ਬਾਰ ਤਿਆਗ ਦਿਤਾ। 83 ਦਿਨਾਂ ਦੀ ਕਠੋਰ ਤਪੱਸਿਆ ਮਗਰੋਂ ਉਹਨਾਂ ਨੂੰ 'ਪਰਮ ਗਿਆਨ' ਦੀ ਪ੍ਰਾਪਤੀ ਹੋਈ। ਉਹਨਾਂ ਦੀਆਂ ਸਿੱਖਿਆਵਾਂ ਨੂੰ 'ਚਤੁਯਾਮ' (ਚਾਰ ਪ੍ਰਣ) ਕਰਕੇ ਕਿਹਾ ਜਾਂਦਾ ਹੈ। ਉਹ ਹਨ

(1) **ਅਹਿੰਸਾ** : ਕਿਸੇ ਜਾਨਦਾਰ ਚੀਜ਼ (ਜੀਵ) ਨੂੰ ਨਾ ਮਾਰਨਾ ।

(2) **ਸੁਨਚਿਤ** : ਝੂਠ ਨਹੀਂ ਬੋਲਣਾ।

(3) **ਅਸਤਯ** : ਜੋ ਆਪ ਨਾ ਦਿੱਤਾ ਹੋਵੇ, ਉਹ ਕਿਸੇ ਤੋਂ ਨਹੀਂ ਲੈਣਾ।

(4) **ਅਪ੍ਰੀਗ੍ਰਹਿ** : ਸੰਸਾਰਕ ਵਸਤਾਂ ਨਾਲ ਮੋਹ ਨਹੀਂ ਪਾਉਣਾ ।

ਮਗਰੋਂ ਵਰਧਮਾਨ ਮਹਾਂਵੀਰ ਨੇ ਇਨ੍ਹਾਂ ਪ੍ਰਣਾਂ ਵਿਚ ਇਕ ਹੋਰ ਪ੍ਰਣ ਜੋੜ ਦਿਤਾ, ਉਹ ਹੈ- ਬ੍ਰਹਮਚਰਯ। ਸੋ, ਇਹ ਪੰਜੇ ਸਿਖਿਆਵਾਂ "ਪੰਚ ਵਤ" ਕਹੀਆਂ ਜਾਣ ਲੱਗ-ਪਈਆਂ।

ਵਰਧਮਾਨ ਮਹਾਂਵੀਰ ਦਾ ਜਨਮ 599 ਪੂਰਵ ਈਸਾ ਵਿਚ ਕੰਡ ਗ੍ਰਾਮ ਨਾਮੀ ਨਗਰ ਵਿਚ ਹੋਇਆ, ਜੋ ਜ਼ਿਲਾ ਮੁਜ਼ੱਫਰ ਨਗਰ ਦੇ ਵੈਸ਼ਾਲੀ ਸ਼ਹਿਰ ਦੇ ਕੋਲ ਹੀ ਹੈ। ਉਸਦੇ ਪਿਤਾ ਦਾ ਨਾਮ ਸਿੱਧਾਰਥ ਸੀ ਅਤੇ ਮਾਤਾ ਦਾ ਨਾਮ ਤ੍ਰਿਸਲਾ। ਉਹਦਾ ਪਿਤਾ ਹਿਕ ਅਮੀਰ ਖੱਤਰੀ ਸੀ, ਜੋ ਗਿਆਤ੍ਰਿਕ ਕਬੀਲੇ ਦੇ ਕਾਸ਼ਪ ਗੋਤਰ ਵਿਚੋਂ ਸੀ।

ਵਰਧਮਾਨ ਮਹਾਂਵੀਰ ਦੇ ਨਾਮ ਬਾਰੇ ਵੀ ਕੁਝ ਨਹੀਂ ਕਿਹਾ ਜਾ ਸਕਦਾ । ਉਸ ਨਾਲ ਕਈ ਵਿਸ਼ੇਸ਼ਣ ਜੋੜੇ ਜਾਂਦੇ ਹਨ, ਜਿਵੇਂ ਕਿ ਵਰਧਮਾਨ, ਮਹਾਂਵੀਰ, ਜਿੱਨ ਅਰਹਤ ਆਦਿ।

ਵਰਧਮਾਨ ਮਹਾਂਵੀਰ ਦਾ ਵਿਆਹ ਯਸ਼ੋਧਾ ਨਾਲ ਹੋਇਆ ਸੀ, ਜਿਸਨੇ ਇਕ ਲੜਕੀ (ਪ੍ਰਿਆ ਦਰਸ਼ਨਾ) ਨੂੰ ਜਨਮ ਦਿੱਤਾ। ਪਰ ਇਹ ਸਭ ਕੁਝ ਵਰਧਮਾਨ ਦੇ ਮਨ ਨੂੰ ਮੋਹ ਨਾ ਸਕੇ। ਉਹ ਗਿਆਨ ਅਤੇ ਸ਼ਾਂਤੀ ਦੀ ਭਾਲ ਕਰਨਾ ਚਾਹੁੰਦਾ ਸੀ। ਆਪਣੇ ਮਾਤਾ-ਪਿਤਾ ਦੀ ਮੌਤ ਮਗਰੋਂ, ਉਸਨੇ ਆਪਣੇ ਭਰਾ ਤੋਂ ਆਗਿਆ ਲੈ ਕੇ ਘਰ ਬਾਰ ਛੱਡ ਦਿੱਤਾ । ਉਦੋਂ ਉਸ ਦੀ ਉਮਰ 30 ਵਰ੍ਹਿਆਂ ਦੀ ਸੀ। ਉਸ ਨੇ 12 ਸਾਲਾਂ ਦੇ ਲੰਮੇ ਸਮੇਂ ਲਈ ਘੋਰ ਤਪੱਸਿਆ ਕੀਤੀ। ਇਸ ਸਮੇਂ ਉਸ ਨੂੰ ਕਈ ਕਈ ਦਿਨ ਭੁੱਖਿਆਂ ਤੇ ਵਸਤਰਾਂ ਤੋਂ ਬਿਨਾਂ ਹੀ ਰਹਿਣਾ ਪਿਆ। ਤੇਰਵੇਂ ਸਾਲ ਵਿਚ ਜਰਿਮ ਭਿਕਗ੍ਰਾਮ ਨਗਰ ਤੋਂ ਬਾਹਰ ਰਿਜਪਾਲਕ ਦਰਿਆ ਦੇ ਕੰਢੇ ਤੇ 'ਸਾਲ' ਦੇ ਇਕ ਦਰਖਤ ਹੇਠ ਉਸ ਨੂੰ 'ਪਰਮ ਗਿਆਨ' ਦੀ ਪ੍ਰਾਪਤੀ ਹੋਈ। ਆਪਣੀ ਬਾਕੀ ਜ਼ਿੰਦਗੀ ਦੇ ਤੀਹ ਵਰ੍ਹੇ ਉਸਨੇ ਅਹਿੰਸਾ, ਸਚਾਈ, ਪਵਿੱਤਰਤਾ, ਨਿਰਮੋਹਤਾ, ਤਪ, ਗਿਆਨ, ਆਦਿ ਦਾ ਪਰਚਾਰ ਕੀਤਾ ਅਤੇ 527 ਪੂ: ਈ : ਵਿਚ ਬਿਹਾਰ ਦੇ ਪਾਵਾ ਨਗਰ ਵਿਚ 72 ਸਾਲਾਂ ਦੀ ਉਮਰ ਵਿਚ, ਉਹ ਪ੍ਰਲੋਕ ਸਿਧਾਰ ਗਿਆ।

ਵਰਧਮਾਨ ਦੇ ਜੀਵਨ-ਕਾਲ ਸਮੇਂ ਹੀ ਜੈਨ ਮੱਤ ਉਤਰੀ ਭਾਰਤ ਵਿਚ ਅਪਣਾਇਆ ਜਾਣ ਲਗ ਪਿਆ ਸੀ। ਜੈਨੀ ਇਹ ਵੀ ਕਹਿੰਦੇ ਹਨ ਕਿ ਮਗਧੀ ਸਲਤਨਤ ਦੇ ਰਾਜੇ ਬਿੰਬੀਸਾਰ ਤੇ ਉਸਦੇ ਪੁੱਤਰ ਅਜਾਤ ਸ਼ਤਰੂਨੇ ਜੈਨ ਮੱਤ ਅਪਣਾ ਲਿਆ ਸੀ। ਮਗਧ ਦਾ ਰਾਜਾ ਨੰਦ ਚੰਦ ਵੀ ਜੈਨ ਮਤ ਦਾ ਅਨੁਆਈ ਸੀ। ਰਾਜੇ ਚੰਦਰ ਗੁਪਤ ਮੌਰੀਆ ਉੱਤੇ ਵੀ ਜੈਨੀ ਭਿਕਸ਼ੂਭੱਦਰ ਬਾਹੂਦਾ ਬਹੁਤ ਅਸਰ ਪਿਆ ਸੀ ਉਸਨੇ ਆਪਣਾ ਰਾਜ ਭਾਗ ਤਿਆਗ ਕੇ ਭੱਦਰ ਬਾਹੂਤੇ ਹੋਰ ਜੈਨੀਆਂ ਦੇ ਨਾਲ, ਦੱਖਣੀ ਭਾਰਤ ਵਿਚ ਜੈਨਮੱਤ ਦਾ ਪ੍ਰਚਾਰ ਕੀਤਾ।

ਮਗਰੋਂ ਦੱਖਣੀ ਭਾਰਤ ਜੈਨ ਵਿਦਵਤਾ ਦਾ ਇਕ ਪੱਕਾ ਕੇਂਦਰ ਬਣ ਗਿਆ। ਬਹੁਤ ਸਾਰੇ ਵਿਦਵਾਨਾਂ ਨੇ ਇਸ ਪਰਚਾਰ ਵਿਚ ਹਿੱਸਾ ਪਾਇਆ। ਕਈ ਰਾਜਿਆਂ ਨੇ ਵੀ ਇਹ ਮੱਤ ਧਾਰਨ ਕਰ ਲਿਆ, ਜਿਨ੍ਹਾਂ ਵਿਚੋਂ ਰਾਸ਼ਟਰ ਕੂਟ ਰਾਜਿਆਂ ਦੇ ਸਮੇਂ ਇਹ ਧਰਮ ਬਹੁਤ ਫੈਲਿਆ ਤੇ ਹਰਮਨ ਪਿਆਰਾ (ਰਾਜ-ਮਤ ਹੋਣ ਕਰਕੇ) ਹੋ ਗਿਆ। ਬਹੁਤ ਸਾਰੇ ਮੰਦਰ ਹੋਂਦ ਵਿਚ ਆਏ।

ਪੱਛਮੀ ਭਾਰਤ ਵਿਚ ਵੀ ਇਹ ਮੱਤ ਫੈਲਿਆ। ਮਹਾਂਵੀਰ ਜੀ ਦੇ 100 ਸਾਲ ਮਗਰੋਂ ਗੁਜਰਾਤ ਵਿਚ ਵੱਲਭੀ ਨਾਂ ਦੇ ਅਸਥਾਨ ਤੇ ਜੀਤੀ ਜੈਨ ਕੌਂਸਲ ਬੁਲਾਈ ਗਈ, ਜਿਸ ਵਿਚ ਜੈਨ ਮੱਤ ਦੇ ਗ੍ਰੰਥਾਂ ਨੂੰ ਅੰਤਿਮ ਰੂਪ ਦਿੱਤਾ ਗਿਆ।

ਅੱਜ ਵੀ ਇਸ ਧਰਮ ਦੇ ਅਨੁਯਾਈ, ਮਹਾਂਰਾਸ਼ਟਰ, ਗੁਜਰਾਤ, ਕਰਨਾਟਕ, ਪੰਜਾਬ ਅਤੇ ਬੰਗਾਲ ਆਦਿ ਵਿਚ ਮਿਲ ਜਾਂਦੇ ਹਨ।

ਜੈਨੀਆਂ ਦੇ ਫਿਰਕੇ : ਜੈਨੀਆਂ ਵਿਚ ਫੁੱਟ ਪੈ ਜਾਣ ਕਾਰਨ ਇਸਦੇ ਕਈ ਫਿਰਕੇ ਬਣ ਗਏ, ਜਿਨ੍ਹਾਂ ਵਿਚੋਂ ਦਿਗੰਬਰ ਅਤੇ ਸ੍ਵੇਤਾਂਬਰ ਪ੍ਰਸਿੱਧ ਹਨ। ਹੌਲੀ ਹੌਲੀ ਇਹਨਾਂ ਵਿਚ ਕਈ ਸਿਧਾਂਤਮ ਮੱਤ

ਭੇਦ ਪੈਦਾ ਹੋ ਗਏ ਸਨ ਜਿਵੇਂ ਕਿ ਦਿਗੰਬਰਾਂ ਦੇ ਹੇਠਾਂ ਅੰਕਿਤ ਵਿਚਾਰਾਂ ਨੂੰ ਸ੍ਵੇਤਾਂਬਰ ਗਲਤ ਮੰਨਦੇ ਸਨ:

(1) ਭਿਕਸ਼ੂਆਂ ਨੂੰ ਹਮੇਸ਼ਾਂ ਨੰਗੇ ਰਹਿਣਾ ਚਾਹੀਦਾ ਹੈ।

(2) 'ਕੈਵਲ' ਗਿਆਨ ਦੀ ਅਵੱਸਥਾ ਤੇ ਪੁੱਜੇ ਹੋਏ ਵਿਅਕਤੀ ਨੂੰ ਭੋਜਨ ਦੀ ਲੋੜ ਨਹੀਂ ਰਹਿੰਦੀ।

(3) ਇਸਤ੍ਰੀਆਂ ਮੋਕਸ਼ (ਮੁਕਤੀ) ਨਹੀਂ ਪ੍ਰਾਪਤ ਕਰ ਸਕਦੀਆਂ ।

(4) ਵਰਧਮਾਨ ਮਹਾਂਵੀਰ ਨੇ ਵਿਆਹ ਨਹੀਂ ਸੀ ਕਰਵਾਇਆ ।

ਮਗਰੋਂ ਜਾ ਕੇ ਉਪ੍ਰੋਕਤ ਦੋ ਫਿਰਕੇ ਕਈ ਉਪ-ਫਿਰਕਿਆਂ ਵਿਚ ਵੰਡੇ ਗਏ। ਦਿਗੰਬਰ ਫਿਰਕੇ ਦੇ ਮਸ਼ਹੂਰ ਉਪ ਫਿਰਕੇ ਹਨ :

ਦ੍ਰਾਵਿੜ ਸੰਘ, ਕਾਸ਼ਠ ਸੰਘ, ਮਥੁਰਾ ਸੰਘ, ਤੇਰਾ ਪੰਥ, ਬੀਸ ਪੰਥ ਤੇ ਗੁਮਾਨ ਪੰਥ ਆਦਿ। ਇਹ ਸਾਰੇ ਉਪ-ਫਿਰਕੇ ਵੱਖ ਵੱਖ ਅਚਾਰੀਆਂ ਦੇ ਪ੍ਰਭਾਵ ਕਾਰਨ ਹੋਂਦ ਵਿਚ ਆਏ ਅਤੇ ਪੰਜਵੀਂ ਤੋਂ ਅਠਾਰਵੀਂ ਸਦੀ ਤੀਕ ਵਧੇ ਫੁਲੇ। ਸ੍ਵੇ-ਤਾਂਬਰ ਫਿਰਕੇ ਦੇ ਮੁਖ ਉਪ-ਫਿਰਕੇ ਸਥਾਨਕ ਵਾਸੀ ਅਤੇ ਪੰਥੀ ਹਨ। ਇਹ ਦੋਵੇਂ ਫਿਰਕੇ ਬੁਤ-ਪੂਜਾ ਦੇ ਵਿਰੁੱਧ ਸਨ ਅਤੇ ਮੰਦਰਾਂ ਦਾ ਵੀ ਉਹਨਾਂ ਨੇ ਤਿਆਗ ਕੀਤਾ। ਮੰਦਰਾਂ ਵਿਚ ਰਹਿਣ ਦੀ ਥਾਂ ਉਹਨਾਂ ਨੇ 'ਸਥਾਨਕ' (ਘਰ) ਬਣਾਏ। ਸਥਾਨਕਵਾਸੀ ਫਿਰਕਾ 'ਲੋਕਾਂ' ਫਿਰਕੇ ਵਿਚੋਂ ਨਿਕਲਿਆ ਅਤੇ 15ਵੀਂ ਤੋਂ 18ਵੀਂ ਸਦੀ ਤੀਕ ਵਧਿਆ ਫੁਲਿਆ। 18ਵੀਂ ਸਦੀ ਵਿਚ ਇਸ ਵਿਚੋਂ 'ਤੇਰਾ ਪੰਥੀ' ਫਿਰਕਾ ਨਿਕਲਿਆ, ਜਿਸਨੂੰ ਭੀਖਣ ਜੀ ਨੇ ਚਲਾਇਆ। ਇਸ ਫਿਰਕੇ ਦੇ ਲੋਕੀ ਸਥਾਨਕ ਵਾਸੀਆਂ ਤੋਂ ਅਲੱਗ ਹੀ ਰਹਿੰਦੇ ਸਨ।

ਅੱਜ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਇਨ੍ਹਾਂ ਫਿਰਕਿਆਂ ਦੇ ਜੈਨੀਆਂ ਨੂੰ ਵੇਖ ਸਕਦੇ ਹਾਂ, ਭਾਵੇਂ ਕਿ ਉਹ ਬਹੁਤ ਹੀ ਘੱਟ ਗਿਣਤੀ ਵਿਚ ਹਨ। ਅੱਜ ਦਾ ਪ੍ਰਸਿੱਧ ਜੈਨੀ, ਅਚਾਰੀਆ ਤੁਲਸੀ, ਤੇਰਾ-ਪੰਥੀ ਫਿਰਕੇ ਦਾ ਵਿਆਖਿਆਕਾਰ ਹੈ।

## ਜੈਨ ਮੱਤ ਦੇ ਮੁਢਲੇ ਸਿਧਾਂਤ

ਜੈਨ ਸ਼ਬਦ 'ਜਿੱਨਾ' ਸ਼ਬਦ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਉਹ ਵਿਅਕਤੀ ਜਿਸ ਨੇ ਆਪਣੀ ਅਗਿਆਨਤਾ, ਇਛਾਵਾਂ ਅਤੇ ਲਾਲਸਾਵਾਂ ਤੇ ਕਾਬੂਪਾ ਲਿਆ ਹੋਵੇ। 'ਜਿੱਨ' ਉਹ ਹੈ ਜਿਹੜਾ ਜੈਨ ਮੱਤ ਦੇ ਮੋਕਸ਼ ਪ੍ਰਾਪਤ ਕਰ ਚੁਕੇ ਅਧਿਆਪਕਾਂ (ਜਿੱਨਾਂ) ਦੀਆਂ ਸਿਖਿਆਵਾਂ ਤੇ ਚਲਦਾ ਹੈ।

ਜੈਨ ਮੱਤ ਦੀ ਫਿਲਾਸਫ਼ੀ ਵਿਚ 'ਤ੍ਰੀ-ਰਤਨ' ਅਤੇ 'ਨੌਂ-ਸਿਖਿਆਵਾਂ' ਵਿਸ਼ੇਸ਼ ਥਾਂ ਰਖਦੇ ਹਨ। ਇਨ੍ਹਾਂ ਵਿਚ ਸਮੁੱਚੀ ਜੈਨ-ਫਿਲਾਸਫ਼ੀ ਸਮਝਾਈ ਗਈ ਹੈ।

(ੳ) ਤ੍ਰੀ ਰਤਨ ਹਨ – (1) ਸਾਮਿਅਕ ਗਿਆਨ (2) ਸਾਮਿਅਕ ਦਰਸ਼ਨ ਅਤੇ (3) ਸਾਮਿਅਕ ਚਰਿਤ੍ਰ। ਇਨ੍ਹਾਂ ਤਿੰਨਾਂ ਦੇ ਸਾਂਝੇ ਯਤਨਾਂ ਨਾਲ ਮੋਕਸ਼ ਪ੍ਰਾਪਤ ਹੁੰਦਾ ਮੰਨਿਆ ਗਿਆ ਹੈ।

ਜੈਨ ਮੱਤ ਦਾ ਸਭ ਤੋਂ ਉਚਾ ਆਦਰਸ਼ ਹੀ ਮੋਕਸ਼ ਪ੍ਰਾਪਤ ਕਰਨਾ ਹੈ। ਜੈਨ ਮੱਤ ਅਨੁਸਾਰ ਆਤਮਾ ਦਾ ਸਰੀਰ ਨਾਲ ਸੰਬੰਧ ਕਰਮਾਂ ਦੇ ਕਾਰਨ ਹੀ ਹੁੰਦਾ ਹੈ।

ਜਦੋਂ 'ਕਰਮ' ਆਤਮਾ ਵੱਲ ਆਉਂਦੇ ਹਨ ਇਸ ਅਵੱਸਥਾ ਨੂੰ ਆਸਰਵ ਕਿਹਾ ਜਾਂਦਾ ਹੈ। ਜਦ ਕਰਮ ਆਤਮਾ ਵਿਚ ਦਾਖਲ ਹੋ ਕੇ ਉਸ ਨੂੰ ਜਕੜ ਲੈਂਦੇ ਹਨ ਤਾਂ 'ਬੰਧ' ਦੀ ਅਵੱਸਥਾ ਪੈਦਾ ਹੁੰਦੀ ਹੈ। ਜੈਨੀਆਂ ਅਨੁਸਾਰ ਤ੍ਰੀ ਰਤਨ ਨਵੇਂ ਕਰਮਾਂ ਦੇ ਆਸਰਵ ਨੂੰ ਰੋਕਦੇ ਹਨ। ਇਸ ਅਵੱਸਥਾ ਨੂੰ 'ਸਵੰਰ' ਦਾ ਨਾਮ ਦਿਤਾ ਗਿਆ ਹੈ। ਫਿਰ ਪੁਰਾਣੇ ਇਕੱਤਰ ਕੀਤੇ ਹੋਏ ਕਰਮ ਨਸ਼ਟ ਕਰਨੇ ਚਾਹੀਦੇ ਹਨ : ਜਦੋਂ ਉਹ ਨਸ਼ਟ ਹੋ ਜਾਣ ਤਾਂ 'ਨਿਰਜਰਾ' ਅਵੱਸਥਾ ਪੈਦਾ ਹੁੰਦੀ ਹੈ। ਕਰਮਾਂ ਤੋਂ ਛੁਟਕਾਰਾ ਪਾ ਕੇ ਆਤਮਾ ਸਰੀਰ ਤੋਂ ਮੁਕਤ ਹੋ ਜਾਂਦੀ ਹੈ, ਅਤੇ ਅਨੰਤ ਗਿਆਨ ਤੀਕ ਪਹੁੰਚ ਜਾਂਦੀ ਹੈ। ਇਸ ਅਵੱਸਥਾ ਨੂੰ ਮੋਕਸ਼ ਦੀ ਅਵੱਸਥਾ ਕਿਹਾ ਜਾਂਦਾ ਹੈ। ਸੋ, ਮੋਕਸ਼ ਪ੍ਰਾਪਤੀ ਲਈ 'ਤ੍ਰੀ ਰਤਨ' ਇਕ ਅਹਿਮ ਰੋਲ ਅਦਾ ਕਰਦੇ ਹਨ। ਫਿਰ, ਕਰਮਾਂ ਦੇ ਆਤਮਾ ਵੱਲ ਆਸਰਵ ਦਾ ਕਾਰਨ 'ਕਸਾਯਾ' (Passions) ਹੀ ਹਨ, ਜੋ ਅਗਿਆਨਤਾ ਤੋਂ ਉਪਜਦੇ ਹਨ, ਇਸ ਲਈ ਸਚਾਈ ਤੋਂ ਅਗਿਆਨਤਾ ਹੀ 'ਬੰਧ' ਦਾ ਅਸਲੀ ਕਾਰਨ ਹੈ। ਅਗਿਆਨਤਾ ਸਾਮਿਅਕ ਗਿਆਨ (ਸਹੀ ਗਿਆਨ) ਦੁਆਰਾ ਹੀ ਦੂਰ ਕੀਤੀ ਜਾ ਸਕਦੀ ਹੈ। ਪਰ ਸਾਮਿਅਕ ਗਿਆਨ ਦੀ ਪ੍ਰਾਪਤੀ ਲਈ 'ਸਾਮਿਅਕ ਦਰਸ਼ਨ' ਦੀ ਬਹੁਤ ਲੋੜ ਹੈ। ਸਾਮਿਅਕ ਦਰਸ਼ਨ ਦਾ ਭਾਂਵ ਤੀਰਥੰਕਰਾਂ ਦੀ ਸਿਖਿਆ ਹੈ। ਇਸ ਤੋਂ ਇਲਾਵਾ ਇਹ ਸਾਮਿਅਕ ਚਰਿਤ੍ਰ ਹੀ ਹੈ ਜੋ ਸਾਮਿਅਕ ਅਗਿਆਨ ਅਤੇ ਦਰਸ਼ਨ ਨੂੰ ਸੰਪੂਰਨ ਬਣਾਉਂਦਾ ਹੈ। ਸੋ ਤ੍ਰੀ ਰਤਨ ਹੀ ਜੈਨ ਮੱਤ ਅਨੁਸਾਰ ਮੁਕਤੀ ਦੇ ਸਾਧਨ ਹਨ।

(ਅ) ਨੌਂ ਸਚਾਈਆਂ (ਤੱਤ) : ਜੈਨ ਮੱਤ ਦੀਆਂ ਮੂਲ ਸਿਖਿਆਵਾਂ ਨੂੰ ਨੌਂ ਸਚਾਈਆਂ ਜਾਂ ਤੱਤ ਆਖਿਆ ਜਾਂਦਾ ਹੈ। ਇਹ ਇਸ ਪ੍ਰਕਾਰ ਹਨ :

(1) **ਜੀਵ :** ਜੀਵ ਸ਼ਬਦ ਜਾਨਦਾਰ ਵਸਤਾਂ ਜਾਂ ਆਤਮਾ ਲਈ ਵਰਤਿਆ ਜਾਂਦਾ ਹੈ। ਸਭ ਚੇਤੰਨ ਪਦਾਰਥ ਇਸ ਸ਼੍ਰੇਣੀ ਵਿਚ ਆ ਜਾਂਦੇ ਹਨ। ਜੈਨੀ ਇਕ ਆਤਮਾ ਵਿਚ ਵਿਸ਼ਵਾਸ ਨਹੀਂ ਰੱਖਦੇ ਸਗੋਂ ਕਈ ਕਿਸਮ ਦੀਆਂ ਆਤਮਾਵਾਂ ਦੀ ਹੋਂਦ ਨੂੰ ਮੰਨਦੇ ਹਨ। ਇਸ ਲਈ ਜੀਵਾਂ ਨੂੰ ਕਈ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ, ਜਿਵੇਂ ਦੈਵੀ ਪੁਰਸ਼, ਨਰਕੀ, ਪੁਰਖ, ਪਸ਼ੂ, ਪੰਛੀ, ਪੌਦੇ ਆਦਿ। ਪਰ ਵਿਸ਼ੇਸ਼ ਕਰਕੇ ਜੀਵ ਨੂੰ ਦੋ ਕਿਸਮਾਂ ਵਿਚ ਵੰਡਿਆ ਗਿਆ ਹੈ–ਬੰਧਨਾਂ ਵਿਚ ਜੁੜੇ ਹੋਏ ਜੀਵ ਅਤੇ ਮੁਕਤ ਜੀਵ। ਆਤਮਾ ਨੂੰ ਆਪਣੇ ਆਪ ਵਿਚ ਪਵਿੱਤਰ ਅਤੇ ਸਦੀਵੀ ਮੰਨਿਆ ਗਿਆ ਹੈ : ਪਰ ਕਰਮਾਂ ਦੀ ਮੈਲ ਕਾਰਨ ਆਪਣੇ ਅਸਲੀ ਰੂਪ ਵਿਚ ਨਜ਼ਰ ਨਹੀਂ ਆਉਂਦੀ। ਜਦੋਂ ਕਰਮਾਂ ਦਾ ਪਰਦਾ ਦੂਰ ਹੋ ਜਾਂਦਾ ਹੈ, ਤਾਂ ਇਹ ਆਪਣੇ ਅਸਲੀ ਰੂਪ ਵਿਚ ਚਮਕ ਉਠਦੀ ਹੈ।

(2) **ਅਜੀਵ :** ਅਜੀਵ ਤੋਂ ਭਾਵ ਹੈ ਨਿਰਜਿੰਦ ਪਦਾਰਥ। ਸਭ ਚੇਤਨਾਹੀਨ ਵਸਤਾਂ ਇਸ ਸ਼੍ਰੇਣੀ ਵਿਚ ਆਉਂਦੀਆਂ ਹਨ।

ਜੀਵ ਅਤੇ ਅਜੀਵ ਦੇ ਮੇਲ ਤੋਂ ਬੰਧਨ ਪੈਦਾ ਹੁੰਦਾ ਹੈ ਅਤੇ ਅਜੀਵ ਤੋਂ ਜੀਵ ਦੇ ਛੁਟਕਾਰੇ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ।

ਅਜੀਵ ਵਸਤਾਂ ਨੂੰ ਪੰਜ ਹਿਸਿਆਂ ਵਿਚ ਵੰਡਿਆ ਗਿਆ ਹੈ-ਪੁਦਗਲ (ਪਦਾਰਥ), ਧਰਮ, ਅਧਰਮ, ਅਕਾਸ਼ ਅਤੇ ਕਾਲ। ਪੁਦਗਲ ਨੂੰ ਛੱਡ ਕੇ ਬਾਕੀ ਚਾਰੋਂ ਰੂਪ-ਰਹਿਤ ਹਨ, ਅਤੇ ਪਦਾਰਥ ਅਤੇ ਆਤਮਾ ਦੀ ਹੋਂਦ ਲਈ ਜ਼ਰੂਰੀ ਮੰਨੇ ਗਏ ਹਨ।

(3) **ਪੁੰਨ** :– ਜੀਵ ਦੇ ਮੁੱਢਲੇ ਲੱਛਣ ਪਵਿੱਤਰਤਾ ਅਤੇ ਅਨੰਦ ਮੰਨੇ ਗਏ ਹਨ। ਪਰ 'ਕਰਮਾ' ਦੇ ਕਾਰਨ ਜੀਵ ਬੰਧਨ ਵਿਚ ਫਸ ਜਾਂਦਾ ਹੈ ਅਤੇ ਪੁੰਨ ਜਾਂ ਪਾਪ ਕਰਦਾ ਹੈ। ਪੁੰਨ ਚੰਗੇ ਕਰਮਾਂ ਦਾ ਸਿੱਟਾ ਹਨ ਅਤੇ ਇਹ ਸਾਮਿਅਕ ਗਿਆਨ, ਦਰਸ਼ਨ ਅਤੇ ਚਰਿੱਤ੍ਰ ਤੋਂ ਪੈਦਾ ਹੁੰਦੇ ਹਨ।

(4) **ਪਾਪ** :– ਪੁੰਨ ਦੇ ਉਲਟ ਹੈ ਪਾਪ। ਇਹ ਅਸ਼ੁਭ ਕਰਮਾਂ ਦਾ ਸਿੱਟਾ ਹਨ ਅਤੇ ਗਲਤ ਗਿਆਨ, ਦਰਸ਼ਨ ਅਤੇ ਚਰਿੱਤ੍ਰ ਤੋਂ ਪੈਦਾ ਹੁੰਦੇ ਹਨ।

(5) **ਆਸਰਵ** :– ਹਰੇਕ ਆਤਮਾ ਦਾ ਇਕ ਸਰੀਰ ਨਾਲ ਸੰਬੰਧੀ ਹੈ, ਜੋ ਕਰਮਾਂ ਕਾਰਨ ਬਣਦਾ ਹੈ। ਇਕ ਸੰਸਾਰ ਕਰਮ ਬਣਾਉਣ ਵਾਲੇ ਪਦਾਰਥਾਂ ਪਰਮਾਣੂਆਂ ਨਾਲ ਭਰਪੂਰ ਹੈ। ਇਹਨਾਂ ਕਰਮਾਂ ਦੇ ਆਤਮਾ ਵੱਲ ਵਹਿਣ ਨੂੰ, ਜੋ ਮਨ, ਬਚਨ ਅਤੇ ਸਰੀਰ ਦੇ ਯੋਗ ਨਾਲ ਚੱਲਦਾ ਹੈ, ਆਸਰਵ ਕਹਿੰਦੇ ਹਨ। ਆਸਰਵ ਦੋ ਪ੍ਰਕਾਰ ਦੇਹਨ, ਸ਼ੁਭ ਅਤੇ ਅਸ਼ੁਭ। ਸ਼ੁਭ ਆਸਰਵ ਚੰਗੇ ਕਰਮਾਂ ਤੋਂ ਉਤਪੰਨ ਹੁੰਦੇ ਹਨ ਅਤੇ ਅਸ਼ੁਭ ਕਰਮਾਂ ਦੇ ਵਹਿਣ ਨੂੰ ਅਸ਼ੁਭ ਆਸਰਵ ਕਹਿੰਦੇ ਹਨ।

(6) **ਬੰਧ** :– ਕਰਮ, ਆਤਮਾ ਵੱਲ ਆਉਣ ਮਗਰੋਂ ਸਰੀਰ ਵਿਚ ਰਚ-ਮਿਚ ਜਾਂਦੇ ਹਨ ਅਤੇ ਜੀਵ ਵਿਚ ਲਹਿਰਾਂ ਅਤੇ ਕਸ਼ਾਯ (ਜ਼ਜ਼ਬੇ) ਉਠਦੇ ਹਨ ਜੋ ਬੰਧ ਦਾ ਕਾਰਨ ਹਨ। ਬੰਧ ਅਤੇ ਆਸਰਵ ਦੋਹਾਂ ਦੇ ਅਮਲ ਨਾਲੋ ਨਾਲ ਚੱਲਦੇ ਹਨ। ਇਹ ਦੋਵੇਂ ਹੀ ਸੱਚ ਤੋਂ ਅਗਿਆਨਤਾ, ਆਵਿੱਰਤੀ ਕਸ਼ਾਯ ਅਤੇ ਜੀਵ ਵਿਚ ਉਠਦੀਆਂ ਲਹਿਰਾਂ ਤੋਂ ਪੈਦਾ ਹੁੰਦੇ ਹਨ।

(7) **ਸੰਵਰ** :– ਕਰਮ ਪਦਾਰਥਾਂ ਦੇ ਆਤਮਾ ਵੱਲ ਵਹਿਣ ਦੇ ਰੁਕਣ ਨੂੰ 'ਸੰਵਰ' ਕਹਿੰਦੇ ਹਨ। ਸੰਵਰ ਦੇ ਸਾਧਨ ਹਨ ਸਾਮਿਅਕ ਗਿਆਨ, ਵਰਤਾਂ ਦਾ ਪਾਲਣ, ਕਸ਼ਾਯ ਰਹਿਤ ਹੋਣਾ ਅਤੇ ਸੰਜਮ। ਮੋਕਸ਼ ਦੀ ਪ੍ਰਾਪਤੀ ਲਈ ਸੰਵਰ ਅਤੀ ਜ਼ਰੂਰੀ ਹੈ।

(8) **ਨਿਰਜਰਾ** :– ਜੀਵ ਕੋਲ ਇਕੱਠੇ ਹੋਏ ਕਰਮਾਂ ਦੇ ਨਸ਼ਟ ਕਰਨ ਨੂੰ ਨਿਰਜਰਾ ਕਹਿੰਦੇ ਹਨ। ਜਿਥੇ ਸੰਵਰ ਕਰਮਾਂ ਦੇ ਵਧਣ ਅਤੇ ਸਰੀਰ ਵਿਚ ਦਾਖਲੇ ਨੂੰ ਰੋਕਦਾ ਹੈ, ਉਥੇ ਨਿਰਜਰਾ ਇਕੱਠੇ ਹੋ ਚੁਕੇ ਪੁਰਾਣੇ ਕਰਮਾਂ ਨੂੰ ਨਸ਼ਟ ਕਰਦਾ ਹੈ। ਇਸ ਅਵੱਸਥਾ ਦੀ ਪ੍ਰਾਪਤੀ ਲਈ ਤਪ ਸਾਧਣੇ ਪੈਂਦੇ ਹਨ।

**(9) ਮੋਕਸ਼ :–** ਜਦੋਂ ਜੀਵ ਦਾ ਕਰਮਾਂ ਤੋਂ ਪੂਰੀ ਤਰ੍ਹਾਂ ਛੁਟਕਾਰਾ ਹੋ ਜਾਂਦਾ ਹੈ ਤਾਂ ਉਹ ਮੁਕਤ ਹੋ ਜਾਂਦਾ ਹੈ ਅਤੇ ਇਸ ਅਵੱਸਥਾ ਨੂੰ ਮੋਕਸ਼ ਕਿਹਾ ਜਾਂਦਾ ਹੈ। ਬੰਧਨ ਦੇ ਕਾਰਨ ਦੀ ਅਣਹੋਂਦ ਅਤੇ ਕਰਮ ਵਸਤੂ ਦੇ ਤਿਆਗਣ ਨਾਲ ਹੀ ਮੋਕਸ਼ ਪ੍ਰਾਪਤ ਹੁੰਦੀ ਹੈ। ਇਸ ਅਵੱਸਥਾ ਵਿਚ ਪੁੱਜਣ ਮਗਰੋਂ ਜੀਵ (ਆਤਮਾ) ਮੁੜ ਬੰਧਨ ਵਿਚ ਨਹੀਂ ਪੈਂਦਾ। ਆਪਣੇ ਅਸਲੀ ਰੂਪ ਵਿਚ ਚਮਕ ਉਠਦਾ ਹੈ।

ਜੈਨੀਆਂ ਅਨੁਸਾਰ ਆਤਮਿਕ ਵਿਕਾਸ ਦੀ ਇਹ ਸਭ ਤੋਂ ਉਚੀ ਮੰਜ਼ਿਲ ਹੈ। ਇਸ ਅਵੱਸਥਾ ਨੂੰ ਪ੍ਰਾਪਤ ਹੋਏ ਵਿਅਕਤੀ ਸੰਪੂਰਨਤਾ (ਸਿਧੀ) ਅਤੇ ਸ਼ਾਂਤੀ (ਉਪਮਾ) ਪ੍ਰਾਪਤ ਕਰ ਲੈਂਦੇ ਹਨ, ਉਹ ਆਤਮਾ ਦੀ ਸਹੀ ਪਹਿਚਾਣ ਕਰ ਲੈਂਦੇ ਹਨ। ਇਸ ਅਵੱਸਥਾ ਨੂੰ ਸੰਪੂਰਨ ਅਤੇ ਸਦੀਵੀ ਅਨੰਦ ਦੀ ਅਵੱਸਥਾ ਕਰਕੇ ਮੰਨਿਆ ਗਿਆ ਹੈ।

**(ੲ) ਨੈਤਿਕ ਅਸੂਲ :–** ਜੈਨ ਮੱਤ ਦੇ ਅਨੁਯਾਈਆਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। (1) ਭਿਕਸ਼ੂ(ਮੁਨੀ) (2) ਭਿਕਸ਼ਣੀਆਂ (ਆਰਯਿਕਾ) (3) ਸੰਸਾਰੀ ਪੁਰਸ਼ (ਸ੍ਰਾਵਿਕ) ਅਤੇ (4) ਸੰਸਾਰੀ ਇਸਤ੍ਰੀਆਂ (ਸ੍ਰਾਵਿਕਾਂ) ਇਨ੍ਹਾਂ ਚੌਹਾਂ ਵਰਗਾਂ ਨੂੰ ਚਤਰ ਵਿਧੀ ਸੰਘ ਕਿਹਾ ਜਾਂਦਾ ਹੈ। ਪਹਿਲੇ ਦੋ ਵਰਗਾਂ ਵਿਚ ਉਹ ਵਿਅਕਤੀ ਆਉਂਦੇ ਹਨ ਜਿਹੜੇ ਸਾਧੂਆਂ ਵਾਲਾ ਤੇ ਖ਼ਾਨਗਾਹੀ ਜੀਵਨ ਬਸਰ ਕਰਦੇ ਹਨ ਅਤੇ ਦੂਜੇ ਦੋਹਾਂ ਵਰਗਾਂ ਵਿਚ ਉਹ ਵਿਅਕਤੀ ਆਉਂਦੇ ਹਨ ਜੋ ਹੋਰਨਾਂ ਸੰਸਾਰੀ ਲੋਕਾਂ ਦੀ ਤਰ੍ਹਾਂ ਜੀਵਨ ਬਸਰ ਕਰਦੇ ਹਨ।

ਖਾਨਗਾਹੀ ਜੀਵਨ ਬਤੀਤ ਕਰਨ ਵਾਲੇ ਤੇ ਸੰਸਾਰੀ ਜੈਨੀਆਂ ਲਈ ਵੱਖਰੇ ਸਿਧਾਂਤ ਹਨ। ਪਰ ਪ੍ਰਮੁੱਖ ਸਿਧਾਂਤ ਜਿਸ ਦੇ ਦੁਆਲੇ ਜੈਨ ਮੱਤ ਦੀ ਸਾਰੀ ਫਿਲਾਸਫੀ ਘੁੰਮਦੀ ਹੈ, ਅਹਿੰਸਾ ਹੈ। ਅਹਿੰਸਾ ਤੋਂ ਭਾਵ ਹੈ ਕਿਸੇ ਵੀ ਜਾਨਦਾਰ ਜਾਂ ਬੇਜਾਨ ਚੀਜ਼ ਨੂੰ ਨਾ ਮਾਰਨਾ। ਜੈਨੀ ਮੰਨਦੇ ਹਨ ਕਿ ਅਹਿੰਸਾ ਕੇਵਲ ਕੰਮਾਂ (actions) ਨਾਲ ਹੀ ਨਹੀਂ ਹੁੰਦੀ, ਸਗੋਂ ਮਨ, ਬਚਨ ਕਰਕੇ ਵੀ ਹੁੰਦੀ ਹੈ। ਇਸ ਦਾ ਭਾਵ ਹੈ ਕਿ ਜਿਥੇ ਨਾਲਦਾਰ ਜਾਂ ਬੇਜਾਨ ਚੀਜ਼ਾਂ ਨੂੰ ਨਾ ਮਾਰਨਾ ਅਹਿੰਸਾ ਹੈ; ਉਥੇ ਉਹਨਾਂ ਨੂੰ ਮਾਰਨ ਬਾਰੇ ਮਨ ਵਿਚ ਸੋਚਣਾ ਜਾਂ ਕਹਿਣਾ ਵੀ ਹਿੰਸਾ ਕਰਨ ਦੇ ਤੁਲ ਹੈ। ਅਹਿੰਸਾ ਧਾਰਨ ਕਰਨ ਲਈ ਪਿਆਰ ਅਤੇ ਦਇਆ ਦੀ ਭਾਵਨਾ ਨੂੰ ਧਾਰਨ ਕਰਨਾ ਅਤੀ ਜ਼ਰੂਰੀ ਮੰਨਿਆ ਗਿਆ ਹੈ।

ਅਹਿੰਸਾ ਦਾ ਪੰਜ ਵੱਡੇ ਵਰਤਾਂ –ਪੰਚ ਵ੍ਰਤ– ਦੇ ਰੂਪ ਵਿਚ ਵਿਆਖਿਆ ਕੀਤੀ ਗਈ ਹੈ। ਉਹ ਹਨ :

(1) **ਅਹਿੰਸਾ :–** ਕਿਸੇ ਵੀ ਜਾਨਦਾਰ ਚੀਜ਼ ਨੂੰ ਨਾ ਮਾਰਨਾ।

(2) **ਸੱਤਯ :–** ਝੂਠ ਨਾ ਬੋਲਣਾ।

(3) **ਅਸਤੇਯ : –** ਚੋਰੀ ਨਾ ਕਰਨਾ। (ਜਿਹੜੀ ਚੀਜ਼ ਨਾ ਦਿੱਤੀ ਹੋਵੇ ਉਹ ਲੈਣੀ ਨਹੀਂ)।

(4) **ਅਪ੍ਰੀਗ੍ਰਹਿ :–** ਸੰਸਾਰਕ ਵਸਤਾਂ ਨਾਲੋਂ ਮੋਹ ਦਾ ਤਿਆਗ।

ਭਿਕਸ਼ੂਆਂ ਨੂੰ ਇਨ੍ਹਾਂ ਵਰਤਾਂ ਦੀ ਕਰੜਾਈ ਨਾਲ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਲਈ ਇਹ ਮਹੱਤਵ ਪੂਰਨ ਵ੍ਰਤ (great vows) ਹਨ ਅਤੇ ਸੰਸਾਰੀ ਜੈਨੀਆਂ ਲਈ ਇਹ ਅਨੁਵ੍ਰਤ, ਭਾਵ ਛੋਟੇ ਵ੍ਰਤ (minor vows) ਹਨ।

ਇਹਨਾਂ ਤੋਂ ਇਲਾਵਾ ਹੋਰ ਵੀ ਕਈ ਵ੍ਰਤ ਸੰਸਾਰੀ ਪੁਰਸ਼ਾਂ ਲਈ ਨੀਯਤ ਕੀਤੇ ਗਏ ਹਨ, ਜਿਵੇਂ ਕਿ ਤਿੰਨ ਪ੍ਰਕਾਰ ਦਾ ਸ੍ਵੈ-ਕਾਬੂ(ਗੁਪਤੀ), ਪੰਜ ਪ੍ਰਕਾਰ ਦੀ ਚੌਕਸੀ (ਸਮਿਤੀ), ਦਸ ਬੁਨਿਆਦੀ ਨੇਕੀਆਂ (ਧਰਮ), 22 ਪ੍ਰਕਾਰ ਦੀਆਂ ਕਠਨਾਈਆਂ (ਪ੍ਰਸਾਹ) ਅਤੇ 12 ਪ੍ਰਕਾਰ ਦੇ ਤਪ।

ਇਹ ਸਭ ਕੁੱਝ ਅਹਿੰਸਾ ਨੂੰ ਅਮਲ ਵਿਚ ਲਿਆਉਣ ਲਈ ਜ਼ਰੂਰੀ ਮੰਨਿਆ ਗਿਆ ਹੈ, ਪਰ ਅਹਿੰਸਕ ਬਣਨ ਲਈ ਸੰਜਮ (ਇੰਦ੍ਰੀਆਂ ਤੇ ਕਾਬੂ) ਅਤੀ ਲੋੜੀਂਦਾ ਹੈ। ਸੰਜਮ ਲਈ ਤਪ ਸਾਧਨ ਦੀ ਜ਼ਰੂਰਤ ਹੈ। ਸੋ ਜੈਨ ਮੱਤ ਦੇ ਨੈਤਿਕ ਸਿਧਾਂਤ ਦੇ ਤਿੰਨ ਪ੍ਰਮੁੱਖ ਅਸੂਲ ਹਨ- ਅਹਿੰਸਾ, ਸੰਜਮ ਅਤੇ ਤਪ। ਪੂਰੀ ਤਰ੍ਹਾਂ 'ਅਹਿੰਸਕ' ਰਹਿਣ ਲਈ ਜੈਨੀ ਹੇਠ ਲਿਖੇ ਸਾਧਨ ਵਰਤਦੇ ਹਨ :

(1) ਕੇਵਲ ਪਰਚੱਲਤ ਪਗਡੰਡੀਆਂ ਤੇ ਬਣੀਆਂ ਹੋਈਆਂ ਸੜਕਾਂ ਤੇ ਚੱਲਣਾ। ਇੰਝ ਕਰਨ ਨਾਲ ਪੈਰਾਂ ਹੇਠਾਂ ਆ ਕੇ ਕੁਚਲੇ ਜਾਣ ਵਾਲੇ ਜੀਅ-ਜੰਤੂਆਂ ਦੇ ਮਿੱਧੇ ਜਾਣ ਦੀ ਸੰਭਾਵਨਾ ਘਟ ਜਾਂਦੀ ਹੈ।

(2) ਬਚਨਾਂ ਕਰਕੇ ਵੀ ਹਿੱਸਾ ਤੋਂ ਬਚਣਾ, ਭਾਵ ਮੂੰਹੋਂ ਕੌੜੇ ਬਚਨ ਬੋਲਣ ਤੋਂ ਪ੍ਰਹੇਜ਼ ਕਰਨਾ।

(3) ਭਿਖਿਆ ਲੈਣ ਵੇਲੇ ਵੀ ਭਿਖਸ਼ੂਜਾਂ ਸਾਧੂ ਨੂੰ ਤਸੱਲੀ ਕਰ ਲੈਣੀ ਚਾਹੀਦੀ ਹੈ, ਕਿ ਉਸ ਦੇ ਲੈਣ ਵਾਲੇ ਭੋਜਨ ਵਿਚ ਕਿਸੇ ਕਿਸਮ ਦੀ ਹਿੱਸਾ ਤਾਂ ਨਹੀਂ ਹੋ ਰਹੀ।

(4) ਕੋਲ ਰੱਖਣ ਵਾਲੀਆਂ ਵਸਤਾਂ ਦੀ ਵੀ ਚੰਗੀ ਤਰ੍ਹਾਂ ਪੜਤਾਲ ਕਰ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਵਿਚ ਕੋਈ ਕੀੜੇ-ਕਿਰਮ ਨਾ ਹੋਣ।

(5) ਮਲ-ਮੂਤਰ ਦੇ ਤਿਆਗ ਵੇਲੇ ਵੀ ਚੰਗੀ ਤਰ੍ਹਾਂ ਪੜਤਾਲ ਕਰ ਲੈਣੀ ਚਾਹੀਦੀ ਹੈ, ਕਿ ਉੱਥੇ ਕਿਸੇ ਜੀਵ-ਜੰਤੂ ਦਾ ਨਿਵਾਸ ਤਾਂ ਨਹੀਂ।

## ਜੈਨ-ਮੱਤ ਦੀ ਗੁਰਮਤਿ ਨਾਲ ਤੁਲਨਾ

**ਅਕਾਲ ਪੁਰਖ :-** ਗੁਰਮਤਿ ਇਕ ਅਕਾਲ ਪੁਰਖ ਦੀ ਹੋਂਦ ਵਿਚ ਪੂਰਾ ਪੂਰਾ ਯਕੀਨ ਰੱਖਦੀ ਹੈ। ਅਕਾਲ ਪੁਰਖ ਨੇ ਆਪਣਾ ਪ੍ਰਕਾਸ਼ ਆਪਣੇ ਆਪ ਤੋਂ ਹੀ ਕੀਤਾ ਹੈ ਅਤੇ ਉਹ ਸਮੁੱਚੇ ਬ੍ਰਹਿਮੰਡ ਦੇ ਜ਼ੱਰੇ-ਜ਼ੱਰੇ ਵਿਚ ਵਿਆਪਕ (ਮੌਜੂਦ) ਹੈ। ਗੁਰਮਤਿ ਦਾ ਵਿਸ਼ਵਾਸ ਹੈ ਵਾਹਿਗੁਰੂ ਪਹਿਲਾਂ ਵੀ ਸੀ, ਹੁਣ ਵੀ ਹੈ, ਤੇ ਹਮੇਸ਼ਾਂ ਹੀ ਰਹੇਗਾ :

**ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ,**

**ਨਾਨਕ, ਹੋਸੀ ਭੀ ਸਚੁ ॥** (ਜਪੁ ਜੀ)

**ਜੋ ਦੀਸੈ, ਸੋ ਆਪੇ ਆਪਿ ॥ ਆਪਿ ਉਪਾਇ ਆਪੇ ਘਟ ਥਾਪਿ ॥**

**ਆਪ ਅਗੋਚਰੁ, ਧੰਧੈ ਲੋਈ ॥ ਜੋਗ ਜੁਗਤਿ ਜਗਜੀਵਨੁ ਸੋਈ ॥**

(ਓਅੰਕਾਰ, ਪੰਨਾ 931)

**ਜਲਿ ਥਲਿ ਮਹੀਅਲਿ ਪੂਰਿਆ, ਸੁਆਮੀ ਸਿਰਜਨਹਾਰੁ ॥**

**ਅਨਿਕ ਭਾਂਤਿ ਹੋਇ ਪਸਰਿਆ, ਨਾਨਕ ਏਕੰਕਾਰੁ ॥** (ਥਿਤੀ ਗਉੜੀ, ਮ 5, ਪੰਨਾ 296)

ਗੁਰਮਤਿ ਦੇ ਟਾਕਰੇ ਜੈਨ ਮੱਤ ਵਿਚ ਪ੍ਰਭੂ ਦੀ ਹੋਂਦ ਨੂੰ ਮੰਨਿਆ ਹੀ ਨਹੀਂ ਗਿਆ। ਇੰਝ ਜੈਨ ਮੱਤ ਵਿਚ ਪ੍ਰਭੂ ਅਤੇ ਪ੍ਰਭੂ ਭਗਤੀ ਦੀ ਕੋਈ ਹੋਂਦ ਨਹੀਂ ਹੈ। ਇਹ ਜੈਨ ਮੱਤ ਦਾ ਗੁਰਮਤਿ ਨਾਲ ਮੁੱਢਲਾ ਅਤੇ ਵੱਡਾ ਅੰਤਰ ਹੈ। ਜੈਨ-ਮੱਤ ਨਾਸਤਕ ਮੱਤ ਹੈ।

(2) **ਆਤਮਾ :-** ਜੈਨ-ਮੱਤ ਵਿਚ ਆਤਮਾ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ, ਪਰ ਇਹ ਆਤਮਾ ਵੀ ਕਈ ਕਿਸਮਾਂ ਦੀ ਮੰਨੀ ਗਈ ਹੈ। ਵੱਖ ਵੱਖ 'ਆਤਮਾਵਾਂ' ਦੇ ਅਧਾਰ ਉੱਤੇ ਜੀਵਾਂ ਨੂੰ ਕਈ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ, ਜਿਵੇਂ ਦੈਵੀ ਪੁਰਸ਼, ਨਰਕੀ ਪੁਰਸ਼, ਪਸ਼ੂ, ਪੰਛੀ, ਪੌਦੇ ਆਦਿ।

ਜਿੱਥੇ ਜੈਨ ਮੱਤ ਨੇ ਕਈ ਤਰ੍ਹਾਂ ਦੀਆਂ ਆਤਮਾਵਾਂ ਨੂੰ ਮੰਨਿਆ ਹੈ, ਉੱਥੇ ਗੁਰਮਤਿ ਨੇ ਕੇਵਲ ਇਕ ਹੀ ਆਤਮਾ (ਅਕਾਲ ਪੁਰਖ ਦੀ ਜੋਤ) ਦੀ ਹੋਂਦ ਨੂੰ ਦ੍ਰਿੜ ਕਰਵਾਇਆ ਹੈ। ਸਭ ਜੀਵਾਂ, ਜੰਤੂਆਂ ਤੇ ਜਾਨਦਾਰ ਪਦਾਰਥਾਂ ਵਿਚ ਇਕੋ ਹੀ ਆਤਮਾ ਮੌਜੂਦ ਹੈ। ਗੁਰਮਤਿ ਸਿਧਾਂਤ ਹੈ :

**ਸਭ ਮਹਿ ਜੋਤਿ, ਜੋਤਿ ਹੈ ਸੋਇ ॥**

**ਤਿਸ ਦੈ ਚਾਨਣਿ, ਸਭ ਮਹਿ ਚਾਨਣੁ ਹੋਇ ॥**(ਧਨਾਸਰੀ, ਮ: 1)

(3) **ਕਰਮ ਸਿਧਾਂਤ :-** ਜੈਨ ਮੱਤ ਦਾ ਕਰਮ ਸਿਧਾਂਤ ਬਿਲਕੁਲ ਆਪਣੀ ਕਿਸਮ ਦਾ ਹੀ ਹੈ। ਇਸ ਸਿਧਾਂਤ ਅਨੁਸਾਰ ਕਰਮਾਂ ਦੀ ਨੀਂਹ ਪਰਮਾਣੂ ਹੀ ਹਨ, ਜਿਨ੍ਹਾਂ ਨਾਲ ਸਾਰਾ ਸੰਸਾਰ ਭਰਿਆ ਪਿਆ ਹੈ। ਇਹ ਪਰਮਾਣੂ ਹੀ ਹਨ, ਜੋ ਆਤਮਾ ਨਾਲ ਚਿੰਬੜ ਕੇ ਉਸ ਨੂੰ ਮਲੀਨ ਕਰ ਦਿੰਦੇ ਹਨ। ਸੋ ਆਤਮਾ ਨੂੰ ਇਨ੍ਹਾਂ 'ਕਰਮ ਪਰਮਾਣੂਆਂ' ਤੋਂ ਬਚਾਉਣਾ ਹੀ ਮੁਕਤੀ ਹੈ। ਮੁਕਤੀ ਪ੍ਰਾਪਤ ਕਰਨ ਲਈ ਜੀਵ ਦਾ ਕਰਮ-ਮੁਕਤ ਹੋਣਾ ਜ਼ਰੂਰੀ ਹੈ। ਪੁਰਾਣੇ ਕਰਮਾਂ ਦਾ ਧਾਰਮਕ-ਕਰਮਾਂ (ਕੰਮਾਂ) ਰਾਹੀਂ ਖ਼ਾਤਮਾ ਕਰਨਾ ਅਤੇ ਨਵੇਂ ਕਰਮਾਂ ਨੂੰ ਆਤਮਾ ਵਿਚ ਦਾਖ਼ਲ ਨਾ ਹੋਣ ਦੇਣਾ ਹੀ ਕਰਮਾਂ ਦੇ ਪਰਮਾਣੂਆਂ ਤੋਂ ਮੁਕਤ ਕਰਾ ਸਕਦਾ ਹੈ।

ਗੁਰਮਤਿ ਦਾ ਜੈਨ ਮੱਤ ਦੇ ਉਪਰੋਕਤ ਸਿਧਾਂਤ ਨਾਲ ਬਿਲਕੁਲ ਮੇਲ ਨਹੀਂ ਹੈ। ਗੁਰਮਤਿ 'ਮਾਇਆ' ਦੇ ਸਿਧਾਂਤ ਵਿਚ ਯਕੀਨ ਰੱਖਦੀ ਹੈ। ਮਾਇਆ ਤੋਂ ਭਾਵ ਪ੍ਰਭੂ ਤੋਂ ਦੂਰ ਲੈ ਜਾਣ ਵਾਲੀ ਰੁਚੀ ਤੋਂ ਹੈ, ਪਰ ਮਾਹਿਆ ਪ੍ਰਭੂ ਨੇ ਆਪ ਪੈਦਾ ਕੀਤੀ ਹੈ। ਗੁਰੂ ਦੀ ਸਿਖਿਆ ਉੱਤੇ ਚੱਲ ਕੇ ਮਨੁੱਖ ਮਾਇਆ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ।

(4) **ਮੁਕਤੀ ਦੀ ਪ੍ਰਾਪਤੀ :-** ਜਿਵੇਂ ਉੱਪਰ ਲਿਖਿਆ ਗਿਆ ਹੈ ਜੈਨ ਮੱਤ ਕਰਮਾਂ ਦੇ ਮੁਕਾਉਣ ਨੂੰ ਹੀ ਮੁਕਤੀ ਮੰਨਦਾ ਹੈ। ਇਸ ਦੀ ਪ੍ਰਾਪਤੀ ਲਈ ਕਰੜੀ ਤਪੱਸਿਆ-ਕਈ ਤਰ੍ਹਾਂ ਦੇ ਤਪਾਂ, ਸਰੀਰ ਨੂੰ ਕਸ਼ਟਾਂ ਵਿਚ ਪਾਉਣ ਵਾਲੀਆਂ ਸਾਧਨਾਵਾਂ ਦੀ ਲੋੜ ਹੈ। ਇੰਝ ਕਰਨ ਨਾਲ ਕਰਮਾਂ ਦਾ ਅੰਤ ਹੋ ਜਾਂਦਾ ਹੈ, ਅਤੇ ਆਤਮਾ ਸਰੀਰ ਨੂੰ ਛੱਡ

ਕੇ ਸਿੱਧੀ ਉੱਪਰ ਨੂੰ ਉਠਦੀ ਹੈ ਅਤੇ ਬ੍ਰਹਿਮੰਡ ਦੀ ਚੋਟੀ ਉੱਤੇ ਪਹੁੰਚ ਕੇ ਉੱਥੇ ਨਿਵਾਸ ਰੱਖਦੀ ਹੈ, ਜਿੱਥੇ ਸਾਰੀਆਂ ਮੁਕਤ ਰੂਹਾਂ ਸਦਾ ਲਈ ਰਹਿੰਦੀਆਂ ਹਨ।

ਗੁਰਮਤਿ ਵਿਚ ਮਾਇਆ ਅਤੇ ਵਿਕਾਰਾਂ ਦੇ ਪ੍ਰਭਾਵ ਤੋਂ ਮੁਕਤ ਹੋ ਜਾਣਾ ਹੀ ਮੁਕਤੀ ਹੈ। ਇੰਝ ਇਸੇ ਜੀਵਨ ਵਿਚ ਹੀ ਮਨੁੱਖ ਮੁਕਤੀ ਪ੍ਰਾਪਤ ਕਰ ਸਕਦਾ ਹੈ। ਅਜੇਹੇ ਮਨੁੱਖ ਨੂੰ 'ਜੀਵਨ-ਮੁਕਤ' ਮਨੁੱਖ ਮੰਨਿਆ ਗਿਆ ਹੈ। ਇਸ ਮੁਕਤੀ ਦੀ ਪ੍ਰਾਪਤੀ ਲਈ ਕਿਸੇ ਪਰਕਾਰ ਕੇ ਕਠਿਨ ਤਪਾਂ ਦੀ ਲੋੜ ਨਹੀਂ, ਸਗੋਂ ਗੁਰੂ ਦੀ ਸਿੱਖਿਆ ਉੱਤੇ ਚੱਲ ਕੇ ਪ੍ਰਭੂ ਦਾ ਨਾਮ ਜਪਣ (ਸਿਫ਼ਤ ਸਲਾਹ ਕਰਨ-ਗੁਣ ਗਾਉਣ) ਦੀ ਲੋੜ ਹੈ। ਇੰਝ ਕਰਨ ਨਾਲ ਪ੍ਰਭੂ ਨਾਲ ਸਮੀਪਤਾ ਪ੍ਰਾਪਤ ਹੁੰਦੀ ਹੈ, ਜਿਸ ਕਰਕੇ ਮਨੁੱਖ ਮਾਇਆ ਅਤੇ ਵਿਕਾਰਾਂ ਦੇ ਪ੍ਰਭਾਵ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ, ਸਹਿਜ ਅਵੱਸਥਾ ਦਾ ਮਾਲਕ ਬਣ ਜਾਂਦਾ ਹੈ। ਗੁਰਬਾਣੀ ਦੇ ਪਰਮਾਣ ਹਨ :

**ਜਬ ਗੁਰੁ ਮਿਲਿਆ, ਤਬ ਮਨੁ ਵਸਿ ਆਇਆ ॥**

**ਧਾਵਤ ਪੰਚ ਰਹੇ, ਹਰਿ ਧਿਆਇਆ ॥**

**ਅਨਦਿਨੁ ਨਗਰੀ ਹਰਿ ਗੁਣ ਗਾਇਆ ॥2 ॥**

**ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ ॥**

**ਤਿਨ ਕੂੜ ਤਿਆਗੇ ਹਰਿ ਲਿਵ ਲਾਈ ॥**

**ਤੇ ਹਰਿ ਦਰਗਹ ਮੁਖ ਊਜਲ ਭਾਈ ॥3 ॥5 ॥43 ॥** (ਗਉੜੀ ਗਵਾਰੇਰੀ ਮ: 4)

(5) **ਦੈਵੀ ਸੰਤਾਂ ਦੀ ਪੂਜਾ** :- ਜੈਨ ਮੱਤ ਵਿਚ ਭਾਵੇਂ ਰੱਬ ਦੀ ਪੂਜਾ ਦਾ ਕੋਈ ਵਿਧਾਨ ਨਹੀਂ ਹੈ, ਪਰ ਜੈਨੀ ਦੈਵੀ ਸੰਤਾਂ ਵਿਚ ਸ਼ਰਧਾ ਜ਼ਰੂਰ ਰੱਖਦੇ ਹਨ ਅਤੇ ਉਨ੍ਹਾਂ ਦੀ ਪੂਜਾ ਕਰਦੇ ਹਨ। ਗੁਰਮਤਿ ਵਿਚ ਅਜਿਹੇ 'ਦੇਵ-ਰੂਪ ਸੰਤਾਂ' ਦੀ ਪੂਜਾ ਦੀ ਸਖਤ ਮਨਾਹੀ ਹੈ, ਪੂਜਾ ਕੇਵਲ ਅਕਾਲ ਪੁਰਖ ਦੀ ਹੀ ਹੋ ਸਕਦੀ ਹੈ। ਉਨ੍ਹਾਂ ਮਨੁੱਖਾਂ ਨੂੰ ਜਿਨ੍ਹਾਂ ਨੂੰ ਲੋਕ ਰੱਬ ਸਮਝ ਕੇ ਪੂਜਦੇ ਸਨ, ਗੁਰਬਾਣੀ ਵਿਚ ਵਿਕਾਰ-ਗ੍ਰਸਤ ਰੋਗੀ ਹੀ ਆਖਿਆ ਗਿਆ ਹੈ :

**ਰੋਗੀ ਬ੍ਰਹਮਾ, ਬਿਸਨ, ਸਰੁਦ੍ਰਾ, ਰੋਗੀ ਸਗਲ ਸੰਸਾਰਾ ॥**

**ਹਰਿ ਪਦੁ ਚੀਨਿ ਭਏ ਸੇ ਮੁਕਤੇ, ਗੁਰ ਦਾ ਸਬਦੁ ਵੀਚਾਰਾ ॥** (ਭੈਰਉ, ਮ: 1-1153)

**ਤਪੱਸਿਆ ਅਤੇ ਅਹਿੰਸਾ** : ਜੈਨ ਮੱਤ ਵਿਚ ਤਪੱਸਿਆ ਅਤੇ ਅਹਿੰਸਾ, 'ਮੁਕਤੀ' ਦੇ ਸਾਧਨ ਮੰਨੇ ਗਏ ਹਨ। ਵਰਧਮਾਨ ਮਹਾਂਵੀਰ ਨੂੰ ਵੀ ਮੁਕਤੀ ਤਾਂ ਹੀ ਪ੍ਰਾਪਤ ਹੋਈ ਜਦੋਂ ਉਨ੍ਹਾਂ ਨੇ ਸੰਸਾਰ ਨੂੰ ਤਿਆਗ ਦਿਤਾ, ਅਤੇ ਅਨੇਕਾਂ ਸ਼ਰੀਰਕ ਕਸ਼ਟ ਸਹਿ ਕੇ ਕਰੜੀ ਤਪੱਸਿਆ ਕੀਤੀ। ਇਸ ਬਾਰੇ ਜੈਨੀਆਂ ਦੇ ਪ੍ਰਸਿੱਧ ਗਰੰਥ 'ਅਚਾਰਾਂਗ ਸੂਤ੍ਰ' ਵਿਚ ਲਿਖਿਆ ਹੋਇਆ ਹੈ :

"ਵਰਧਮਾਨ (ਮਹਾਂਬੀਰ) ਜੀ ਨੇ ਭਿਕਸ਼ੂਬਣਨ ਸਮੇਂ ਜੋ ਕਪੜੇ ਪਹਿਨੇ ਹੋਏ ਸਨ, ਤੇਰ੍ਹਾਂ ਮਹੀਨਿਆਂ ਵਿਚ ਲੀਰੋ ਲੀਰ ਹੋ ਕੇ ਸਰੀਰ ਨਾਲੋਂ ਆਪਣੇ ਆਪ ਹੀ ਅੱਡ ਹੋ ਗਏ ਸਨ। ਤਦ ਵੀ ਇਸ ਗੱਲੋਂ ਬੇਖ਼ਬਰ ਹੋ ਕੇ, ਵਰਧਮਾਨ ਜੀ ਛੋਟੇ ਬਾਲ ਵਾਂਗ ਨਗਨ ਹੀ ਬੈਠੇ ਰਹੇ। ਇਸ ਤੋਂ ਮਗਰੋਂ ਉਨ੍ਹਾਂ ਮੁੜ ਕਪੜੇ ਨਹੀਂ ਪਾਏ।"

ਕਲਪ ਸੂਤਰ ਵਿਚ ਲਿਖਿਆ ਹੋਇਆ ਹੈ, "ਬਾਰਾਂ ਵਰ੍ਹੇ ਤੱਕ ਸਰੀਰ ਵੱਲੋਂ ਹਰ ਤਰ੍ਹਾਂ ਬੇਪਰਵਾਹ ਹੋ ਕੇ ਉਹ ਹਰ ਭਾਂਤ ਕੇ ਕਸ਼ਟ ਸਹਿੰਦਾ ਰਿਹਾ ..... ਹੁਣ ਉਹ ਬੰਧਨ ਮੁਕਤ ਹੋ ਗਿਆ ਹੈ। ਇਸ ਸੰਸਾਰ ਤੋਂ ਹਰ ਤਰ੍ਹਾਂ ਨਾਲ ਨਿਰਲੇਪ ਹੈ।"

ਗੁਰਮਤਿ ਵਿਚ ਜਪਾਂ-ਤਪਾਂ ਨੂੰ ਮੁਕਤੀ ਪ੍ਰਾਪਤੀ ਦੇ ਰਾਹ ਵਿਚ ਰੁਕਾਵਟਾਂ ਦੱਸਿਆ ਗਿਆ ਹੈ। ਇਨ੍ਹਾਂ ਨਾਲ ਤਾਂ ਸਗੋਂ ਹਉਮੈ ਹੋਰ ਵਧਦੀ ਹੈ, ਮਨੁੱਖ ਅਤੇ ਪ੍ਰਭੂ ਵਿਚ ਵਿੱਥ ਹੋਰ ਚੌੜੀ ਹੁੰਦੀ ਜਾਂਦੀ ਹੈ। ਸਤਿਗੁਰਾਂ ਦੇ ਫੁਰਮਾਨ ਹਨ :

**ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥**

**ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥**

**ਰਾਮ ਨਾਮ ਸਰਿ ਅਵਰੁ ਨ ਪੂਜੈ ॥1 ॥** (ਰਾਮਕਲੀ ਮ: 1, ਅਸਟਪਦੀਆਂ, ਪੰਨਾ 9●5)

**ਬਹੁ ਭੇਖ ਕੀਆ, ਦੇਹੀ ਦੁਖੁ ਦੀਆ ॥**

**ਸਹੁ ਵੇ ਜੀਆ, ਅਪਣਾ ਕੀਆ ॥**

**ਅੰਨੁ ਨ ਖਾਇਆ, ਸਾਦੁ ਗਵਾਇਆ ॥**

**ਬਹੁ ਦੁਖੁ ਪਾਇਆ, ਦੂਜਾ ਭਾਇਆ ॥**

**ਬਸਤ੍ਰ ਨ ਪਹਿਰੈ ॥ਅਹਿਨਿਸਿ ਕਹਰੈ ॥**

**ਮੋਨਿ ਵਿਗੂਤਾ ॥ਕਿਉ ਜਾਗੈ ਗੁਰ ਬਿਨੁ ਸੂਤਾ ॥**

**ਪਗ ਉਪੇਤਾਣਾ ॥ਅਪਣਾ ਕੀਆ ਕਮਾਣਾ ॥**

**ਅਲੁ ਮਲੁ ਖਾਈ ਸਿਰਿ ਛਾਈ ਪਾਈ ॥**

**ਮੂਰਖਿ ਅੰਧੈ ਪਤਿ ਗਵਾਈ ॥** (ਆਸਾ ਦੀ ਵਾਰ, ਮ: 1-467)

ਯਥਾ

**ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ ਮਹਾਂ ਉਦਾਸੁ ਤਪੀਸਰੁ ਥੀਵੈ ॥**

**ਅਗਨਿ ਮਾਹਿ ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ ਭੂਮਿ ਦਾਨ ॥**

**ਨਿਉਲੀ ਕਰਮ ਕਰੈ ਬਹੁ ਆਸਨ ॥ ਜੈਨ ਮਾਰਗ ਸੰਜਮ ਅਤਿ ਸਾਧਨ ॥**

**ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥**

(ਗਉੜੀ ਸੁਖਮਨੀ, ਮ: 5, ਪੰਨਾ 265)

ਅਹਿੰਸਾ ਦੀ ਪਾਲਨਾ ਲਈ ਜੈਨੀ ਕਈ ਤਰ੍ਹਾਂ ਦੇ ਜਤਨ ਕਰਦੇ ਹਨ, ਜਿਵੇਂ ਬੋਲਣ ਸਮੇਂ ਮੂੰਹ ਅੱਗੇ ਵਸਤਰ ਰੱਖਣਾ, ਰਜੋਹਰਾ (ਸੂਤ ਦਾ ਝਾੜੂ) ਹਨ ਸਮੇਂ ਕੋਲ ਰੱਖਣਾ ਤਾਂ ਜੋ ਬੈਠਣ ਲਗਿਆਂ ਜਮੀਨ ਸਾਫ਼ ਕੀਤੀ ਜਾ ਸਕੇ, ਠੰਡਾ ਭੋਜਨ ਖਾਣਾ ਤੇ ਉਬਲਿਆ ਪਾਣੀ ਨਾ ਪੀਣਾ, ਨਿਰਮਲ ਜਲ ਨਾਲ ਇਸ਼ਨਾਨ ਨਾ ਕਰਨਾ, ਜੂੰਆਂ ਦੀ ਹੱਤਿਆ ਦੇ ਡਰੋਂ ਸਿਰ ਦੇ ਵਾਲ ਨਾ ਵਾਹੁਣੇ, ਆਪਣੀ ਟੱਟੀ ਵਿਚੋਂ ਜੀਉਂਦੇ ਕਿਰਮਾਂ ਦੀ ਭਾਲ ਕਰਨੀ ਅਤੇ ਉਨ੍ਹਾਂ ਨੂੰ ਬਚਾਉਣਾ ਆਦਿ। ਗੁਰਮਤਿ ਵਿਚ ਇਨ੍ਹਾਂ ਸਾਧਨਾਂ ਦਾ ਖੁੱਲ੍ਹ ਕੇ ਵਿਰੋਘ ਕੀਤਾ ਗਿਆ ਹੈ। ਜੈਨੀਆਂ ਨੂੰ ਸਲਾਹ ਦਿਤੀ ਗਈ ਹੈ ਕਿ ਉਹ ਅਜਿਹੇ ਫੋਕਟ ਕਰਮਾਂ ਦਾ ਤਿਆਗ ਕਰਨਾ ਅਤੇ ਸਤਿਗੁਰੂਦੀ ਸ਼ਰਨ ਵਿਚ ਆਉਣ। ਗੁਰੂਨਾਨਕ ਪਾਤਿਸ਼ਾਹ ਜੈਨੀਆਂ ਦੇ ਜੀਵਨ ਬਾਰੇ ਆਖਦੇ ਹਨ – ਇਹ ਸਰੇਵੜੇ (ਜੈਨੀ) 'ਜੀਵ ਅਹਿੰਸਾ' ਦੇ ਵਹਿਮ ਵਿਚ ਮੈਲਾ ਪਾਣੀ ਪੀਂਦ ਹਨ, ਜੂਠੀ ਰੋਟੀ ਮੰਗ ਕੇ ਖਾਂਦੇ ਹਨ, ਅਤੇ ਸਰੀਰ ਦੇ ਵਾਲ ਪੁਟਾਉਂਦੇ ਹਨ, (ਤਾਂ ਜੋ ਜੂੰਆ ਨਾ ਮਰ ਜਾਣ)। ਪਖਾਨੇ (ਟੱਟੀ) ਨੂੰ ਫੋਲ ਕੇ ਗੰਦੀ ਹਵਾੜ ਲੈਂਦੇ ਹਨ ਅਤੇ ਪਾਣੀ ਨਹੀਂ ਵਰਤਦੇ। ਭੇਡਾਂ ਵਾਗ ਸਿਰ ਦੇ ਵਾਲ ਪੁਟਾਦੇਹਨ (ਭਿਕਸ਼ੂਬਣਨ ਸਮੇਂ) ਉਸ ਸਮੇਂ ਸੁਆਹ ਨਾਲ ਹੱਥ ਭਰ ਲੈਂਦੇ ਹਨ। ਹੱਥੀਂ ਕਮਾਂ ਕੇ ਪਰਿਵਾਰ ਪਾਲਣ ਦਾ ਕੰਮ ਛੱਡ ਦਿੰਦੇ ਹਨ, ਜਿਸ ਕਰਕੇ ਇਨ੍ਹਾਂ ਦੇ ਟੱਬਰ ਰੋਂਦੇ ਹਨ।

ਜੈਨੀ ਨਾ ਤਾਂ ਹਿੰਦੂਆਂ ਦੀ ਤਰ੍ਹਾਂ ਪਤਲ-ਕਿਰਿਆ ਕਰਦੇ ਹਨ, ਤੇ ਨਾ ਹੀ ਤੀਰਥ ਤੇ ਜਾਂਦੇ ਹਨ, ਕੋਈ ਵੀ ਬ੍ਰਾਹਮਣੀ ਕਰਮ-ਕਾਂਡ ਨਹੀਂ ਕਰਦੇ। ਇਨ੍ਹਾਂ ਦੇ ਜੀਵਨ ਵਿਚ ਖੇੜਾ ਨਹੀਂ। ਹਮੇਸ਼ਾਂ ਰੋਣੀ ਸ਼ਕਲ ਬਣਾਈ ਰੱਖਦੇ ਹਨ, ਜਿਵੇਂ ਕਿ ਕੋਈ ਮਰ ਗਿਆ ਹੋਵੇ। ਜੀਵਾਂ ਨੂੰ ਮਾਰਨ -ਜੀਵਾਲਣ ਵਾਲੇ ਪ੍ਰਭੂਵਿਚ ਯਕੀਨ ਨਹੀਂ ਰਖਦੇ। ਨਾ ਸਾਫ ਪਾਣੀ ਪੀਂਦੇ ਹਨ ਅਤੇ ਨਾ ਹੀ ਨਹਾਉਂਦੇ ਹਨ। ਇਨ੍ਹਾਂ ਨੂੰ ਗੁਰੂਦੀ ਸਿਖਿਆ ਰੂਪੀ ਨਦੀ ਵਿਚ ਇਸ਼ਨਾਨ ਕਰਨਾ ਚਾਹੀਦਾ ਹੈ (ਤਾਂ ਹੀ ਮੁਕਤ ਹੋ ਸਕਦੇ ਹਨ)। ਪੂਰਾ ਸ਼ਬਦ ਇਸ ਪਰਕਾਰ ਹੈ :

**ਸਿਰੁ ਖੋਹਾਇ ਪੀਅਹਿ ਮਲਵਾਣੀ, ਜੂਠਾ ਮੰਗਿ ਮੰਗਿ ਖਾਹੀ ॥**

**ਫੋਲਿ ਫਦੀਹਤਿ, ਮੁਹਿ ਲੈਨਿ ਭੜਾਸਾ, ਪਾਣੀ ਦੇਖਿ ਸਗਾਹੀ ॥**

ਭੇਡਾ ਵਾਗੀ ਸਿਰੁ ਖੋਹਾਇਨਿ, ਭਰੀਅਨਿ ਹਥ ਸੁਆਹੀ ॥

ਮਾਊ ਪੀਊ ਕਿਰਤੁ ਗਵਾਇਨਿ, ਟਬਰ ਰੋਵਨਿ ਧਾਹੀ ॥

ਓਨਾ ਪਿੰਡੁ ਨ ਪਤਲਿ ਕਿਰਿਆ, ਨ ਦੀਵਾ ਮੁਏ ਕਿਥਾਊ ਪਾਹੀ ॥

ਅਠਸਠਿ ਤੀਰਥ ਦੇਨਿ ਨੇ ਢੋਈ, ਬ੍ਰਹਮਣ ਅੰਨੁ ਨ ਖਾਹੀ ॥

ਸਦਾ ਕੁਚੀਲ ਰਹਹਿ ਦਿਨੁ ਰਾਤੀ, ਮਥੈ ਟਿਕੇ ਨਾਹੀ ॥

ਝੁੰਡੀ ਪਾਇ ਬਹਨਿ ਨਿਤਿ ਮਰਣੈ, ਦੜਿ ਦੀਬਾਣਿ ਨ ਜਾਹੀ ॥

ਲਕੀ ਕਾਸੇ, ਹਥੀ ਫੁੰਮਣ, ਅਗੋ ਪਿਛੀ ਜਾਹੀ ॥

ਨਾ ਓਇ ਜੋਗੀ ਨਾ ਓਇ ਜੰਗਮ, ਨਾ ਓਇ ਕਾਜੀ ਮੁੰਲਾ ॥

ਦਯਿ ਵਿਗੋਏ, ਫਿਰਹਿ ਵਿਗੁਤੇ, ਫਿਟਾ ਵਤੈ ਗਲਾ ॥

ਜੀਆ ਮਾਰਿ ਜੀਵਾਲੇ ਸੋਈ, ਅਵਰੁ ਨ ਕੋਈ ਰਖੈ ॥

ਦਾਨਹੁ ਤੈ ਇਸਨਾਨਹੁ ਵੰਜੇ, ਭਸੁ ਪਈ ਸਿਰਿ ਖੁਥੈ ॥

ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥

ਅਠਸਠਿ ਤੀਰਥ ਦੇਵੀ ਥਾਪੇ, ਪੁਰਬੀ ਲਗੈ ਬਾਣੀ ॥

ਨਾਇ ਨਿਵਾਜਾ, ਨਾਤੈ ਪੂਜਾ, ਨਾਵਨਿ ਸਦਾ ਸੁਜਾਣੀ ॥

ਮੁਇਆ ਜੀਵਦਿਆ ਗਤਿ ਹੋਵੈ, ਜਾਂ ਸਿਰਿ ਪਾਈਐ ਪਾਣੀ ॥

ਨਾਨਕ, ਸਿਰ ਖੁਥੇ ਸੈਤਾਨੀ, ਏਨਾ ਗਲ ਨ ਭਾਣੀ ॥

ਵੁਠੈ ਹੋਇਐ ਹੋਇ ਬਿਲਾਵਲੁ, ਜੀਆ ਜੁਗਤਿ ਸਮਾਣੀ ॥

ਵੁਠੈ ਅੰਨੁ ਕਮਾਦੁ ਕਪਾਹਾ, ਸਭਸੈ ਪੜਦਾ ਹੋਵੈ ॥

ਵੁਠੈ ਘਾਹੁ ਚਰਹਿ ਨਿਤਿ ਸੁਰਹੀ, ਸਾ ਧਨ ਦਹੀ ਵਿਲੋਵੈ ॥

ਤਿਤੁ ਘਿਇ ਹੋਮ ਜਗ ਸਦ ਪੂਜਾ, ਪਇਐ ਕਾਰਜੁ ਸੋਹੈ ॥

ਗੁਰੂ ਸਮੁੰਦੁ, ਨਦੀ ਸਭਿ ਸਿਖੀ, ਨਾਤੈ ਜਿਤੁ ਵਡਿਆਈ ॥

**ਨਾਨਕ, ਜੇ ਸਿਰ ਖੁਥੇ ਨਾਵਨਿ ਨਾਹੀ, ਤਾ ਸਤ ਚਟੇ ਸਿਰਿ ਛਾਈ ॥** (ਮਾਝ ਕੀ ਵਾਰ, ਮ: 1-149)

**ਪਦ ਅਰਥ :** ਮਲਵਾਣੀ - ਮੈਲਾ ਪਾਣੀ, ਧੋਣ-ਧਾਣ। ਫਦੀਹਤਿ-(ਅਰਥੀ, ਫਜੀਅਤਿ ਦੇ 'ਜ਼' ਭੀ ਪੜ੍ਹਿਆ ਜਾਂਦਾ ਹੈ : ਫ਼ਜ਼ੂਲਃ- ਫਾਦਲ; ਕਾਜ਼ੀ-ਕਾਦੀ) ਪਖ਼ਾਨਾ। ਭੜਾਸਾ-ਹਵਾੜ। ਸਗਾਹੀ -ਸੰਗਦੇ ਹਨ। ਭਰੀਅਨਿ-ਭਰੇ ਜਾਂਦੇ ਹਨ। ਮਾਊਪੀਊਕਿਰਤੁ-ਮਾਪਿਆਂ ਵਾਲਾ ਕੰਮ-ਕਾਰ, ਰੋਜ਼ੀ ਕਮਾਣ ਦਾ ਕੰਮ। ਧਾਹੀ- ਢਾਹਾਂ ਮਾਰ ਕੇ। ਕਿਥਾਊ-ਪਤਾ ਨਹੀਂ ਕਿੱਥੇ। ਕੁਚੀਲ-ਗੰਦੇ। ਟਿਕੇ-ਟਿੱਕੇ, ਤਿਲਕ। ਝੁੰਡੀ ਪਾਇ- ਊੱਧੀ ਪਾ ਕੇ, ਧੌਣ ਸੁੱਟ ਕੇ। ਦੜਿ ਦੀਬਾਣਿ-ਕਿਸੇ ਦੜੇ -ਦੀਵਾਨ ਵਿਚ, ਕਿਸੇ ਸਭਾ-ਦੀਵਾਨ ਵਿਚ। ਕਾਸੇ-ਪਿਆਲੇ। ਅਗੋ ਪਿਛੀ-ਇਕ ਕਤਾਰ ਵਿਚ। ਜੰਗਮ-ਸ਼ਿਵ ਉਪਾਸ਼ਕ, ਜੋ ਟੱਲੀਆਂ ਖੜਕਾ ਕੇ ਮੰਗਦੇ ਫਿਰਦੇ ਹਨ। ਦਯਿ-ਰੱਬ ਵੱਲੋਂ (ਦਯੁ-ਪਿਆਰ ਕਰਨ ਵਾਲਾ ਪਰਮਾਤਮਾ) ਵਿਗੋਏ-ਖੁੰਝੇ ਹੋਏ। ਵਿਗੁਤੇ-ਖੁਆਰ। ਫਿਟਾ-ਫਿਟਕਾਰਿਆ ਹੋਇਆ, ਊਤਿਆ ਹੋਇਆ। ਗਲਾ-ਕੋੜਮਾ, ਸਾਰਾ ਹੀ ਟੋਲਾ। ਵੰਜੇ -ਵਾਂਜੇ ਹੋਏ, ਖੁੰਝੇ ਹੋਏ। ਭਸੁ-ਸੁਆਹ। ਮੇਰੁ-ਸੁਮੇਰ ਪਰਬਤ। ਦੇਵੀ-ਦੇਵਤਿਆਂ। ਪੁਰਬੀ-ਧਾਰਮਕ ਮੇਲੇ। ਬਾਣੀ -ਕਥਾ-ਵਾਰਤਾ। ਨਾਇ-ਨ੍ਹਾ ਕੇ। ਸੁਜਾਣੀ-ਸੁਚੱਜੇ। ਮੁਇਆ ਜੀਵਦਿਆਂ-ਮਰਨ ਜੀਵਨ ਪ੍ਰਯੰਤ, ਸਾਰੀ ਉਮਰ, ਜੰਮਣ ਤੋਂ ਮਰਨ ਤੱਕ। ਗਤਿ-ਸੁਥਰੀ ਹਾਲਤ। ਵੁਠੇ-ਮੀਂਹ ਪਿਆ। ਸੁਰਹੀ-ਗਾਈਆਂ। ਬਿਲਾਵਲੁ-ਖੁਸ਼ੀ, ਚਾਉ, ਸਾਧਨ-ਇਸਤ੍ਰੀ ਬਿਲੋਵੈ-ਰਿੜਕਦੀ ਹੈ। ਤਿਤੁ ਘਿਇ-ਉਸ ਘਿਉ ਨਾਲ। ਪਇਐ -(ਘਿਉ) ਪਿਆਂ, ਘਿਉ ਵਰਤਿਆਂ। ਨਦੀ ਸਭਿ-ਸਾਰੇ ਦਰਿਆ। ਸਿਖੀ -(ਗੁਰੂ ਦੀ) ਸਿੱਖਿਆ। ਜਿਤੁ -ਜਸ ਵਿਚ। ਚਟੇ-ਚਟੇ, ਮੁੱਠਾਂ। ਛਾਈ-ਸੁਆਹ।

ਅਤੇ :

**'ਇਕਿ ਜੈਨੀ ਉਝੜ ਪਾਇ, ਧੁਰਹੁ ਖੁਆਇਆ ॥**

**ਤਿਨ ਮੁਖਿ ਨਾਹੀ ਨਾਮੁ, ਨ ਤੀਰਥਿ ਨ ਭਾਇਆ॥**

**ਹਥੀ ਸਿਰ ਖੋਹਾਇ ਨ ਭਦੁ ਕਰਾਇਆ॥**

**ਕੁਚਿਲ ਰਹਹਿ ਦਿਨ ਰਾਤਿ, ਸਬਦੁ ਨ ਭਾਇਆ॥**

**ਤਿਨ ਜਾਤਿ, ਨ ਪਤਿ, ਨ ਕਰਮੁ, ਜਨਮੁ ਗਵਾਇਆ॥**

**ਮਨਿ ਜੂਠੈ ਵੇਜਾਤਿ, ਜੂਠਾ ਖਾਇਆ ॥**

**ਬਿਨੁ ਸਬਦੈ ਆਚਾਰੁ, ਨ ਕਿਨਹੀ ਪਾਇਆ ॥**

**ਗੁਰਮੁਖਿ ਓਅੰਕਾਰਿ, ਸਚਿ ਸਮਾਇਆ ॥** (1295)

ਜੈਨ ਮੱਤ ਦੀ ਅਹਿੰਸਾ ਦਾ ਪਰਚਾਰ ਹੀ ਸੀ, ਜਿਸਨੇ ਭਾਰਤੀ ਲੋਕਾਂ ਦੇ ਜੀਵਨ ਵਿਚੋਂ ਬੀਰਤਾ ਪੂਰਾ ਤਰ੍ਹਾਂ ਮੁਕਾ ਦਿਤੀ ਸੀ। (ਯੋਗੀਆਂ ਤੇ ਬੋਧੀਆਂ ਨੇ ਵੀ ਲੋਕਾਂ ਨੂੰ ਬੁਜ਼ਦਿਲ ਤੇ ਕਾਇਰ ਬਣਾਇਆ ਸੀ) ਸਿੱਖ -ਸਤਿਗੁਰਾਂ ਨੇ ਲੋਕਾਂ ਅੰਦਰ ਬੀਰਤਾ ਦਾ ਸੰਚਾਰ ਕੀਤਾ। ਭਗਤੀ ਨਾਲ ਸ਼ਕਤੀ ਨੂੰ ਜੋੜਿਆ, ਜਿਸ ਨਾਲ ਮੁਰਦਾ ਹੋ ਚੁਕੇ ਇਨਸਾਨਾਂ ਦੇ ਮਨਾਂ ਵਿਚ ਮੁੜਕੇ ਜ਼ਿੰਦਗੀ ਧੜਕਣ ਲੱਗੀ ਅਤੇ ਉਹ ਸ਼ਸਤਰਤਾ ਹਾਸਿਲ ਕੀਤੀ, ਉਥੇ ਹੋਰ ਭਾਰਤ ਵਾਸੀਆਂ ਦੇ ਹਜ਼ਾਰਾਂ) ਵਰ੍ਹਿਆਂ ਦੇ ਗੁਲਾਮੀ ਦੇ ਸੰਗਲਾਂ ਨੂੰ ਤੋੜ ਕੇ ਰੱਖ ਦਿਤਾ।

ਗੁਰਮਤਿ ਸਿਧਾਂਤਾਂ ਦੀ ਜੈਨ ਮੱਤ ਦੇ ਸਿਧਾਂਤਾਂ ਨਾਲ ਤੁਲਨਾ ਕਰਨ ਮਗਰ ਅਸੀਂ ਇਸ ਸਿੱਟੇ ਉੱਤੇ ਪੁਜਦੇ ਹਾਂ ਕਿ ਜੈਨ ਮੱਤ ਨਾਲ ਸਿੱਖ ਧਰਮ ਦੀ ਕੋਈ ਚੀਜ਼ (ਸਿਧਾਂਤ ਜਾਂ ਮਰਯਾਦਾ) ਵੀ ਨਹੀਂ ਮਿਲਦੀ।


निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में तथा स्वतत्रंता अवश्य देखें तथा पढ़े।

www.sikhworld.info

jasbirsikhworldinfo@gmail.com

**ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਨਾਂ ਦਾ ਸੰਪੂਰਨ ਜੀਵਨ ਬਿਉਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜ੍ਹੋ ਜੀ।**



**ਲਾਂਚ ਕਰਤਾ : ਜਸਬੀਰ ਸਿੰਘ**

**Mob. : 099881-60484, 62390-45985**

Type Setting : Radheshyam Choudhary

Mob. : 098149- 66882